(5). 1853 ਦਾ ਚਾਰਟਰ ਐਕਟ
(Charter Act of 1853)

1853 ਦੇ ਚਾਰਟਰ ਐਕਟ ਨੇ ਈਸਟ ਇੰਡੀਆ ਕੰਪਨੀ ਜਾਂ ਉਸਦੇ ਉੱਤਰਾਧਿਕਾਰੀਆਂ ਨੂੰ ਭਾਰਤੀ ਸਾਮਰਾਜ ਦੀ ਵਾਗਡੋਰ 20 ਸਾਲ ਲਈ ਦੇ ਦਿੱਤੀ ਸੀ, ਇਸ ਕਰਕੇ 1853 ਵਿਚ ਇੰਗਲੈਂਡ ਦੀ ਸੰਸਦ ਲਈ ਫਿਰ ਤੋਂ ਚਾਰਟਰ ਐਕਟ ਪਾਸ ਕਰਨਾ ਜ਼ਰੂਰੀ ਹੋ ਗਿਆ। 1853 ਦੇ ਚਾਰਟਰ ਐਕਟ ਰਾਹੀਂ ਭਾਰਤੀ ਪ੍ਰਸ਼ਾਸਨ ਅਤੇ ਸੰਗਠਨ ਵਿਚ ਕਈ ਪਰਿਵਰਤਨ ਕੀਤੇ ਗਏ।

ਕਾਰਨ

1. 1833 ਤੋਂ 1853 ਦੇ ਦੌਰਾਨ ਭਾਰਤ ਵਿਚ ਅੰਗਰੇਜ਼ੀ ਸਾਮਰਾਜ ਪੂਰੀ ਤਰ੍ਹਾਂ ਸਥਾਪਿਤ ਹੋ ਗਿਆ ਸੀ। ਇਹ ਇਨਾ ਵੱਡਾ ਹੋ ਗਿਆ ਸੀ ਕਿ ਕਈ ਤਰ੍ਹਾਂ ਦੀਆਂ ਗੰਭੀਰ ਪ੍ਰਸ਼ਾਸਨਿਕ ਔਕੜਾਂ ਪੈਦਾ ਹੋ ਗਈਆਂ ਸਨ।

2. ਇਸ ਕਾਲ ਵਿਚ ਕਈ ਯੂਰਪੀਅਨ ਭਾਰਤ ਵਿਚ ਆ ਕੇ ਰਹਿਣ ਲੱਗੇ ਅਤੇ ਵਪਾਰ ਵਿਚ ਹਿੱਸਾ ਲੈਣ ਲੱਗ ਪਏ। ਸਿੱਖਿਆ, ਪ੍ਰੈੱਸ, ਵਿਗਿਆਨ ਅਤੇ ਹੋਰ ਕਈ ਖੇਤਰ ਸੇਵਾ ਦੇ ਕਾਰਜ ਸਮਰਥਕ ਨੇ ਭਾਰਤੀ ਸਮਾਜ ਦੀ ਉੱਨਤੀ ਤੇ ਭਲਾਈ ਵੱਲ ਸ਼ੁਰੂ ਕਰ ਦਿੱਤੇ ਸਨ। ਇਨ੍ਹਾਂ ਵੱਡੇ ਸਮਾਜਿਕ ਪਰਿਵਰਤਨ ਲਿਆਉਣ ਲਈ ਇਹ ਜ਼ਰੂਰੀ ਸੀ ਕਿ ਭਾਰਤੀ ਪ੍ਰਸ਼ਾਸਨਿਕ ਢਾਂਚਾ ਵੀ ਉਸਦੇ ਅਨੁਸਾਰ ਬਦਲਿਆ ਜਾਵੇ।

3. ਕੰਪਨੀ ਦਾ ਵਪਾਰਕ ਏਕਾਧਿਕਾਰ ਖਤਮ ਕਰਨ ਤੋਂ ਬਾਅਦ ਇੰਗਲੈਂਡ ਵਿਚ ਕੰਪਨੀ ਦੇ ਰਾਜਨੀਤਿਕ ਕੰਟਰੋਲ ਨੂੰ ਖਤਮ ਕਰਨ ਦੀ ਮੰਗ ਵੀ ਜ਼ੋਰ ਪਕੜ ਗਈ ਕਿਉਂਕਿ ਉਸ ਵੇਲੇ ਉਦਾਰਵਾਦੀ ਵਿਚਾਰਧਾਰਾ ਬੜੀ ਤੇਜ਼ੀ ਨਾਲ ਫੈਲ ਰਹੀ ਸੀ। ਇੰਗਲੈਂਡ ਦੇ ਲੋਕ ਇਹ ਚਾਹੁੰਦੇ ਸਨ ਕਿ ਕੰਪਨੀ ਦੀਆਂ ਰਾਜਨੀਤਿਕ ਸ਼ਕਤੀਆਂ ਨੂੰ ਵੀ ਖਤਮ ਕਰ ਦੇਣਾ ਚਾਹੀਦਾ ਸੀ ਅਤੇ ਸੰਸਦ ਦਾ ਨਿਯੰਤਰਣ ਵੱਧ ਤੋਂ ਵੱਧ ਸਥਾਪਿਤ ਕਰਨਾ ਚਾਹੀਦਾ ਹੈ।

4. 1833 ਦੇ ਚਾਰਟਰ ਐਕਟ ਅਨੁਸਾਰ ਕਾਨੂੰਨੀ ਮੈਂਬਰ ਨੂੰ ਨਾਮਜ਼ਦ ਕਰਨ ਦੀ ਧਾਰਾ ਬਣਾਈ ਗਈ ਸੀ ਜੋ ਕਿ ਕਾਨੂੰਨ ਬਣਾਉਣ

Scanned with CamScanner

ਸੰਬੰਧੀ ਬਹਿਸ ਵਿਚ ਪਿਆ ਰਹਿੰਦੀ ਸੀ। ਇਸ ਤੋਂ ਲਾਰਡ ਮੈਕਾਲੇ ਨੂੰ ਭਾਰਤ ਦਾ ਪਹਿਲਾ ਕਾਨੂੰਨੀ ਮੈਂਬਰ ਨਿਯੁਕਤ ਕੀਤਾ ਗਿਆ। ਜਦੋਂ ਲਾਰਡ ਐਲਨਬਰਾ ਭਾਰਤ ਵਿਚ ਗਵਰਨਰ ਜਨਰਲ ਬਣ ਕੇ ਆਇਆ ਤਾਂ ਉਸਨੇ ਕਾਨੂੰਨੀ ਕਮਿਸ਼ਨ ਅਤੇ ਕਾਨੂੰਨੀ ਮੈਂਬਰ ਦੇ ਅਹੁਦੇ ਨੂੰ ਖਤਮ ਕਰਨ ਦੀ ਸਿਫਾਰਿਸ਼ ਕੀਤੀ ਜਿਸ ਦੀ ਬੋਰਡ ਆਫ ਡਾਇਰੈਕਟਰਜ਼ ਨੇ ਪ੍ਰਵਾਨਗੀ ਨਹੀਂ ਦਿੱਤੀ।

5. ਦੂਸਰੀ ਵੱਡੀ ਸੋਧ ਇਹ ਕੀਤੀ ਗਈ ਕਿ 1832 ਦੇ ਚਾਰਟਰ ਐਕਟ ਰਾਹੀਂ ਬੰਗਾਲ ਪ੍ਰੈਜ਼ੀਡੈਂਸੀ ਡਿਪਟੀ ਗਵਰਨਰ ਦੇ ਅਧੀਨ ਕਰ ਦਿੱਤੀ ਗਈ। ਡਿਪਟੀ ਗਵਰਨਰ ਗਵਰਨਰ ਜਨਰਲ ਦੀ ਕੌਂਸਲ ਸਭਾ ਦਾ ਸੀਨੀਅਰ ਮੈਂਬਰ ਹੁੰਦਾ ਸੀ ਜੋ ਗਵਰਨਰ ਜਨਰਲ ਦੀ ਗੈਰ-ਹਾਜ਼ਰੀ ਸਮੇਂ ਸਭਾ ਦੇ ਸਭਾਪਤੀ ਦੀ ਹੈਸੀਅਤ ਵਿਚ ਕੰਮ ਕਰਦਾ ਸੀ। ਡਿਪਟੀ ਗਵਰਨਰ ਜੋ ਦੂਜੇ ਕੰਮਾਂ ਵਿਚ ਲੀਨ ਹੋਣ ਕਾਰਨ ਆਪਣੀ ਪ੍ਰੈਜ਼ੀਡੈਂਸੀ ਦੇ ਕੰਮਾਂ ਨੂੰ ਠੀਕ ਤਰ੍ਹਾਂ ਨਹੀਂ ਸੀ ਦੇਖ ਸਕਦਾ ਤੇ ਨਾ ਹੀ ਉਹ ਪ੍ਰੈਜ਼ੀਡੈਂਸੀ ਦੇ ਮਸਲਿਆਂ ਦਾ ਹੱਲ ਕਰ ਸਕਦਾ ਸੀ। ਇਸ ਤੋਂ ਬੰਗਾਲ ਪ੍ਰੈਜ਼ੀਡੈਂਸੀ ਦੇ ਪ੍ਰਸ਼ਾਸਨ ਨੂੰ ਕਾਫੀ ਧੱਕਾ ਲੱਗਿਆ।

6. 1833 ਦੇ ਚਾਰਟਰ ਐਕਟ ਅਧੀਨ ਇਹ ਫੈਸਲਾ ਕੀਤਾ ਗਿਆ ਸੀ ਕਿ ਕੰਪਨੀ ਦੇ ਇਲਾਕਿਆਂ ਵਿਚ ਰਹਿਣ ਵਾਲੇ ਭਾਰਤੀਆਂ ਨੂੰ ਧਰਮ, ਜਨਮ, ਅਸਥਾਨ, ਵੰਸ਼ ਅਤੇ ਰੰਗ ਆਦਿ ਦੇ ਆਧਾਰ ਤੇ ਈਸਟ ਇੰਡੀਆ ਕੰਪਨੀ ਦੀ ਕਿਸੇ ਪਦਵੀ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ। ਬਹੁਤ ਸਾਰੇ ਭਾਰਤੀ ਉੱਚ ਵਿੱਦਿਆ ਦੀ ਪ੍ਰਾਪਤੀ ਲਈ ਇੰਗਲੈਂਡ ਗਏ ਅਤੇ ਬਹੁਤ ਸਾਰਾ ਧਨ ਤੇ ਸਮਾਂ ਖਰਚ ਕੀਤਾ ਪਰ ਭਾਰਤ ਵਾਪਸ ਆਉਣ ਤੇ ਉਨ੍ਹਾਂ ਨੂੰ ਇਸ ਵਿੱਦਿਆ ਦਾ ਕੋਈ ਲਾਭ ਨਹੀਂ ਹੋਇਆ। ਇਸਦਾ ਪ੍ਰਮੁੱਖ ਕਾਰਨ ਇਹ ਸੀ ਕਿ ਨਿਰਦੇਸ਼ਕ ਮੰਡਲ ਦੇ ਪ੍ਰਧਾਨ ਭਾਰਤੀਆਂ ਨੂੰ ਉੱਚੀਆਂ ਪਦਵੀਆਂ ਦੇਣ ਦੇ ਹੱਕ ਵਿਚ ਨਹੀਂ ਸਨ।

7. ਜਦੋਂ ਚਾਰਟਰ ਨੂੰ ਨਵਿਆਉਣ ਦਾ ਸਮਾਂ ਆਇਆਂ ਤਾਂ ਸਰ ਚਾਰਲਸ ਵੁੱਡ ਨੇ ਭਾਰਤ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੂੰ ਆਪਣੀ ਰਾਏ ਦੇਣ ਲਈ ਆਖਿਆ। ਡਲਹੌਜ਼ੀ ਨੇ ਆਪਣੇ ਉੱਤਰ ਵਿਚ ਇਕ ਵੱਡਾ ਨਿਬੰਧ 13 ਅਕਤੂਬਰ 1852 ਵਿਚ ਲਿਖਿਆ ਜਿਸਦੇ 162 ਪੈਰ੍ਹੇ ਸਨ। ਕੁੱਝ ਵਿਦਵਾਨਾਂ ਦਾ ਮੱਤ ਹੈ ਕਿ 1853 ਦਾ ਚਾਰਟਰ

ਐਕਟ ਇਸੇ ਨਿਯਮ ਦੇ ਆਧਾਰ ਤੇ ਬਣਾਇਆ ਗਿਆ ਸੀ ਪਰ ਲਾਰਡ ਡਲਹੌਜ਼ੀ ਇਸ ਨਾਲ ਸਹਿਮਤ ਨਹੀਂ ਸੀ।

ਲਾਰਡ ਡਲਹੌਜ਼ੀ ਦਾ ਨਿਯਮ, ਜਿਸਦਾ ਸਿਰਲੇਖ 'ਭਾਰਤ ਸਰਕਾਰ ਨੂੰ' ਦੀਆਂ ਵੱਲ ਸਿਫਾਰਿਸ਼ਾਂ ਹੇਠ ਲਿਖੀਆਂ ਹਨ।

(i) ਲਾਰਡ ਡਲਹੌਜ਼ੀ ਦਾ ਇਹ ਪੱਕਾ ਮੱਤ ਸੀ ਕਿ ਗਵਰਨਰ ਜਨਰਲ ਦੀ ਕੌਂਸਲ ਨੂੰ ਭਾਰਤ ਵਿਚ ਪੂਰਾ ਅਧਿਕਾਰ ਡਾਇਰੈਕਟਰਜ਼ ਦੇ ਆਧਾਰ ਤੇ ਰਖਿਆ ਜਾਣਾ ਚਾਹੀਦਾ ਹੈ,

(ii) ਉਸਦਾ ਮੱਤ ਸੀ ਕਿ ਗਵਰਨਰ ਜਨਰਲ ਨੂੰ ਆਪਣੀ ਕੌਂਸਲ ਨੂੰ ਰੱਦ ਕਰਨ ਦਾ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ।

(iii) ਉਸਨੇ ਵਿਧਾਨ ਮੰਡਲ ਦੇ ਵਿਸਤਾਰ ਲਈ ਸਿਫਾਰਿਸ਼ ਕੀਤੀ ਅਤੇ ਕਿਹਾ ਕਿ ਪ੍ਰੈਜ਼ੀਡੈਂਸੀ ਸਰਕਾਰਾਂ ਨੂੰ ਨੁਮਾਇੰਦਗੀ ਦਿੱਤੀ ਜਾਣੀ ਚਾਹੀਦੀ ਹੈ।

(iv) ਬੰਗਾਲ ਪ੍ਰਸ਼ਾਸਨ ਚਲਾਉਣ ਲਈ ਲੈਫਟੀਨੈਂਟ ਗਵਰਨਰ ਦੀ ਸਿਫਾਰਿਸ਼ ਕੀਤੀ।

ਇਸ ਤਰ੍ਹਾਂ 20 ਅਗਸਤ 1853 ਵਿਚ ਇਹ ਚਾਰਟਰ ਐਕਟ ਪਾਸ ਕੀਤਾ ਗਿਆ।

## ਮੁੱਖ ਧਾਰਾਵਾਂ

1. ਇਸ ਚਾਰਟਰ ਐਕਟ ਵਿਚ ਪਹਿਲੀ ਵਾਰੀ ਉਲੇਖ ਕੀਤਾ ਗਿਆ ਕਿ ਈਸਟ ਇੰਡੀਆ ਕੰਪਨੀ ਭਾਰਤ ਵਿਚ ਉਦੋਂ ਤਕ ਰਾਜ ਕਰਦੀ ਰਹੇਗੀ ਜਦੋਂ ਤਕ ਇਸਦੇ ਉਲਟ ਇੰਗਲੈਂਡ ਦੀ ਸੰਸਦ ਕੋਈ ਹੋਰ ਕਾਨੂੰਨ ਨਹੀਂ ਬਣਾਉਂਦੀ।
2. ਇਸ ਐਕਟ ਰਾਹੀਂ ਈਸਟ ਇੰਡੀਆ ਕੰਪਨੀ ਦੇ ਨਿਰਦੇਸ਼ਕਾਂ ਦੀ ਗਿਣਤੀ 24 ਤੋਂ ਘਟਾ ਕੇ 18 ਕਰ ਦਿੱਤੀ ਗਈ ਜਿਨ੍ਹਾਂ ਵਿਚ 6 ਨਾਮਜ਼ਦ ਮੈਂਬਰ ਸਨ। ਸਭ ਦੀ ਗਣਪੂਰਕ ਸੰਖਿਆ ਨੂੰ 13 ਤੋਂ ਘਟਾ ਕੇ 10 ਕਰ ਦਿੱਤਾ ਗਿਆ।
3. ਕੋਰਟ ਆਫ਼ ਡਾਇਰੈਕਟਰਜ਼ ਦੇ ਮੈਂਬਰਾਂ ਦੀ ਤਨਖਾਹ ਵੀ ਨਿਸ਼ਚਿਤ ਕਰ ਦਿੱਤੀ ਗਈ। ਬੋਰਡ ਆਫ਼ ਕੰਟਰੋਲ ਦੇ ਪ੍ਰਧਾਨ ਦੀ ਤਨਖਾਹ ਵੀ ਇੰਗਲੈਂਡ ਦੇ ਮੰਤਰੀ ਮੰਡਲ ਦੇ ਬਰਾਬਰ ਕਰ ਦਿੱਤੀ ਗਈ।

Scanned with CamScanner

ਇਸ ਐਕਟ ਰਾਹੀਂ ਨਿਰਦੇਸ਼ਕਾਂ ਦੇ ਇਸ ਅਧਿਕਾਰ ਨੂੰ ਖਤਮ
4. ਕਰਕੇ ਬੋਰਡ ਆਫ ਕੰਟਰੋਲ ਨੂੰ ਸੌਂਪ ਦਿੱਤੀ ਗਈ ਕਿ ਭਾਰਤ
ਵਿਚ ਮੁਕਾਬਲੇ ਦੇ ਆਧਾਰ ਤੇ ਨੌਕਰੀਆਂ ਦੇਣੀਆਂ ਦਿੱਤੀਆਂ
ਜਾਣ ਜਿਸਦਾ ਇਮਤਿਹਾਨ ਇੰਗਲੈਂਡ ਵਿਚ ਹੋਵੇ।
ਕਾਨੂੰਨੀ ਮੈਂਬਰ ਨੂੰ ਹੁਣ ਵਾਇਸਰਾਏ ਦੀ ਕਾਰਜਕਾਰਨੀ ਸਭਾ
5. ਦਾ ਪੱਕਾ ਮੈਂਬਰ ਬਣਾ ਦਿੱਤਾ ਗਿਆ।
ਇਸ ਐਕਟ ਨਾਲ ਇੰਗਲੈਂਡ ਦੀ ਸਰਕਾਰ ਨੂੰ ਫਿਰ ਕਾਨੂੰਨ
6. ਕਮਿਸ਼ਨ ਸਥਾਪਿਤ ਕਰਨ ਦਾ ਅਧਿਕਾਰ ਦਿੱਤਾ ਗਿਆ।
ਹੁਣ ਇਸਨੂੰ 12 ਮੈਂਬਰੀ ਕੌਂਸਲ ਬਣਾ ਦਿੱਤਾ ਗਿਆ ਜਿਸ ਵਿਚ
7. 6 ਕਾਰਜਕਾਰਨੀ ਕੌਂਸਲ ਦੇ ਮੈਂਬਰ ਹੁੰਦੇ ਸਨ। ਜਿਸ ਵਿਚ
ਗਵਰਨਰ ਜਨਰਲ, ਪ੍ਰਧਾਨ ਸੈਨਾਪਤੀ ਤੇ ਚਾਰ ਹੋਰ ਆਮ ਮੈਂਬਰ
ਸਨ। ਕਾਨੂੰਨ ਬਣਾਉਣ ਲਈ ਜੋ ਹੋਰ 6 ਮੈਂਬਰ ਸ਼ਾਮਲ ਕੀਤੇ
ਗਏ।
ਭਾਵੇਂ ਇਸ ਐਕਟ ਵਿਚ ਲੈਜਿਸਲੇਟਿਵ ਕੌਂਸਲ ਦਾ ਸ਼ਬਦ ਪ੍ਰਯੋਗ
ਨਹੀਂ ਕੀਤਾ ਗਿਆ ਪਰ ਇਸਦੇ ਕੰਮ ਲੈਜਿਸਲੇਟਿਵ ਕੌਂਸਲ
ਦੀ ਤਰ੍ਹਾਂ ਹੀ ਸਨ। ਗਵਰਨਰ ਜਨਰਲ ਨੂੰ ਖਾਸ ਅਧਿਕਾਰ ਦਿੱਤੇ
ਗਏ। ਜਦੋਂ ਤਕ ਉਸਦੇ ਦਸਤਖਤ ਨਹੀਂ ਹੋ ਜਾਂਦੇ ਸਨ, ਕੋਈ
ਵੀ ਪ੍ਰਸਤਾਵ ਕਾਨੂੰਨ ਦਾ ਰੂਪ ਨਹੀਂ ਧਾਰਨ ਕਰ ਸਕਦਾ ਸੀ। ਇਸ
ਐਕਟ ਰਾਹੀਂ ਬੰਗਾਲ ਦਾ ਅਲੱਗ ਗਵਰਨਰ ਜਨਰਲ ਨਿਯੁਕਤ
ਕਰਨ ਦਾ ਫੈਸਲਾ ਕੀਤਾ ਗਿਆ।
ਇਸ ਐਕਟ ਰਾਹੀਂ ਭਾਰਤ ਸਰਕਾਰ ਕੋਈ ਨਵੀਂ ਪ੍ਰੈਜ਼ੀਡੈਂਸੀ
ਬਣਾ ਸਕਦੀ ਸੀ ਅਤੇ ਨਵਾਂ ਲੈਫਟੀਨੈਂਟ ਗਵਰਨਰ ਨਿਯੁਕਤ
ਕਰ ਸਕਦੀ ਸੀ। 1859 ਵਿਚ ਪੰਜਾਬ ਵਿਚ ਲੈਫਟੀਨੈਂਟ
ਗਵਰਨਰ ਇਸੇ ਧਾਰਾ ਅਧੀਨ ਨਿਯੁਕਤ ਕੀਤਾ ਗਿਆ ਸੀ।
ਲੈਫਟੀਨੈਂਟ ਗਵਰਨਰਾਂ ਤੇ ਕੌਂਸਲਰਾਂ ਦੀ ਤਨਖਾਹ ਵੀ ਕ੍ਰਮਵਾਰ
1,00,000 ਰੁਪਏ ਅਤੇ 80,000 ਰੁਪਏ ਕਰ ਦਿੱਤੀ ਗਈ ਸੀ।
ਇਸ ਐਕਟ ਨਾਲ ਭਾਰਤ ਦੀ ਸ਼ਾਸੀ ਪ੍ਰਣਾਲੀ ਦਾ ਕੇਂਦਰੀਕਰਨ
ਕਰ ਦਿੱਤਾ ਗਿਆ।

## ਐਕਟ ਦੀ ਆਲੋਚਨਾ

1. ਇਸ ਨਾਲ ਇੰਗਲੈਂਡ ਦੀ ਸੰਸਦ ਦਾ ਭਾਰਤੀ ਪ੍ਰਸ਼ਾਸਨ ਤੇ

Scanned with CamScanner

ਹੋਰ ਵੀ ਜ਼ਿਆਦਾ ਨਿਯੰਤਰਣ ਵੱਧ ਗਿਆ। ਇਥੋਂ ਤਕ ਕਿ ਹੁਣ
ਕੰਪਨੀ ਦੀ ਹੋਂਦ ਨੂੰ ਵੀ ਖਤਮ ਕੀਤਾ ਜਾ ਸਕਦਾ ਸੀ।

2. 1853 ਦੇ ਐਕਟ ਨਾਲ ਬੋਰਡ ਆਫ ਡਾਇਰੈਕਟਰਜ਼ ਦੇ
ਢਾਂਚੇ ਵਿਚ ਜੋ ਪਰਿਵਰਤਨ ਕੀਤੇ ਗਏ ਉਸ ਨਾਲ ਇੰਗਲੈਂਡ
ਸਰਕਾਰ ਦਾ ਨਿਯੰਤਰਣ ਹੋਰ ਵੀ ਵੱਧ ਜਾਂਦਾ ਹੈ। ਇਸ ਤਾਂ
ਇਸਦੇ ਮੈਂਬਰਾਂ ਦੀ ਗਿਣਤੀ ਘਟਾ ਦਿੱਤੀ ਗਈ ਅਤੇ 6
ਨਾਮਜ਼ਦ ਮੈਂਬਰਾਂ ਨੂੰ ਬਿਠਾਇਆ ਗਿਆ। ਅੱਗੋ ਚੋਣਾਂ
ਦਾ ਰੋਲ ਵੀ ਘਟਾ ਦਿੱਤਾ ਗਿਆ। ਇਨ੍ਹਾਂ ਪਰਿਵਰਤਨਾਂ
ਨਾਲ ਬੋਰਡ ਆਫ ਕੰਟਰੋਲ ਦੇ ਪ੍ਰਧਾਨ ਨੂੰ ਜੋੜ ਤੋੜ
ਕਰਨ ਦੇ ਮੌਕੇ ਪ੍ਰਾਪਤ ਹੋ ਗਏ।

3. ਇਸ ਐਕਟ ਦੀ ਸਭ ਤੋਂ ਮਹੱਤਵਪੂਰਨ ਧਾਰਾ ਕੰਪਨੀ ਦੇ
ਵੱਲੋਂ ਅਫਸਰ ਨਿਯੁਕਤ ਕਰਨ ਦੇ ਅਧਿਕਾਰ ਨੂੰ ਖਤਮ
ਕਰਕੇ ਮੁਕਾਬਲੇ ਰਾਹੀਂ ਨਿਯੁਕਤੀਆਂ ਕਰਨਾ ਸੀ। ਇਸਦੀ
ਮਹੱਤਤਾ ਇਸਤੋਂ ਜਾਣੀ ਜਾ ਸਕਦੀ ਹੈ ਕਿ ਇਹ ਪ੍ਰਣਾਲੀ
ਇੰਗਲੈਂਡ ਵਿਚ ਵੀ ਅਜੇ ਸ਼ੁਰੂ ਨਹੀਂ ਸੀ ਹੋਈ ਅਤੇ
ਇਹ ਪਹਿਲੀ ਵਾਰੀ ਭਾਰਤ ਵਿਚ ਸ਼ੁਰੂ ਕੀਤੀ ਗਈ।

4. ਬੋਰਡ ਆਫ ਕੰਟਰੋਲ ਦੇ ਪ੍ਰਧਾਨ ਦੀ ਤਨਖਾਹ ਵਧਾ ਕੇ
ਉਸਦੇ ਸਾਖ ਅਤੇ ਮਰਜਾਦਾ ਨੂੰ ਵੀ ਵਧਾ ਦਿੱਤਾ ਗਿਆ।
ਇਸ ਤਰ੍ਹਾਂ ਦੀ ਪਦਵੀ ਅਤੇ ਸ਼ਕਤੀਆਂ ਆਦਿਕ ਵਾਲੇ ਸੈਕਰੇਟਰੀ
ਆਫ ਸਟੇਟ ਫਾਰ ਇੰਡੀਆ ਦੀ ਪਦਵੀ ਤੇ ਸਾਖ ਦਾ
ਸੰਕੇਤ ਸਨ।